## ਪੰਜਾਬ ਸਕੂਲ ਸਿੱਖਿਆ ਬੋਰਡ

(ਓਪਨ ਸਕੂਲ)

# ਪ੍ਰੈਸ ਨੋਟ

ਐੱਸ.ਏ. ਐੱਸ. ਨਗਰ (            ): ਪੰਜਾਬ ਸਕੂਲ ਸਿੱਖਿਆ ਬੋਰਡ ਨੇ 28-08-2017 ਤੱਕ ਓਪਨ ਸਕੂਲ ਪ੍ਰਣਾਲੀ ਅਧੀਨ ਬੈਂਕਾਂ ਵਿੱਚ ਆਪਣੀ ਫ਼ੀਸ ਜਮ੍ਹਾਂ ਕਰਵਾਉਣ ਤੋਂ ਵਾਂਝੇ ਰਹੇ ਵਿਦਿਆਰਥੀਆਂ ਲਈ 08-09-2017 ਤੱਕ ਬੋਰਡ ਦੇ ਖੇਤਰੀ ਦਫ਼ਤਰਾਂ ਅਤੇ ਮੁੱਖ ਦਫ਼ਤਰ ਦੇ ਕੈਸ਼ੀਅਰ ਕੋਲ ਫ਼ੀਸ ਜਮ੍ਹਾਂ ਕਰਵਾਉਣ ਦਾ ਪ੍ਰਬੰਧ ਕੀਤਾ ਹੈ।

ਵਰਨਣਯੋਗ ਹੈ ਕਿ ਓਪਨ ਸਕੂਲ ਪ੍ਰਣਾਲੀ ਅਧੀਨ ਬਿਨ੍ਹਾਂ ਲੇਟ ਫ਼ੀਸ ਦਾਖਲਿਆਂ ਦੀ ਆਖਰੀ ਤਰੀਖ 21-08-2017 ਸੀ, ਜਦੋਂ ਕਿ ਫ਼ੀਸ ਭਰਨ ਦੀ ਆਖਰੀ ਤਰੀਖ 28-08-2017 ਸੀ। ਇਨ੍ਹਾਂ ਮਿਤੀਆਂ ਮੁਤਾਬਕ ਵਿਦਿਆਰਥੀਆਂ ਦੇ ਬੈਂਕਾਂ ਵਿੱਚ ਚਲਾਨ ਜਨਰੇਟ ਹੋਣ ਅਤੇ ਬੈਂਕ ਵਲੋਂ ਡਾਊਨਲੋਡ ਕਰ ਲਏ ਜਾਣ ਮਗਰੋਂ ਹੁਣ ਬੈਂਕ ਪੱਧਰ ਤੇ ਇਸ ਮਿਤੀ ਦੀ ਤਬਦੀਲੀ ਤਕਨੀਕੀ ਤੌਰ 'ਤੇ ਸੰਭਵ ਨਹੀਂ ਹੈ ਕਿਉਂਕਿ ਬੈਂਕ ਸਿਸਟਮ ਵਿੱਚ ਇਸ ਦਾ ਉਪਬੰਧ ਨਹੀਂ ਹੈ। ਪਰ ਇਸ ਸਮੇਂ ਦੌਰਾਨ ਵਿਸ਼ੇਸ਼ ਤੌਰ ਤੇ ਪੰਜਾਬ ਰਾਜ ਦੇ ਮਾਲਵਾ ਖੇਤਰ ਵਿੱਚ ਅਮਨ ਤੇ ਕਾਨੂੰਨ ਦੀ ਸਮੱਸਿਆ ਕਾਰਨ ਕੁਝ ਵਿਦਿਆਰਥੀ ਇਹ ਫ਼ੀਸ ਨਹੀਂ ਭਰ ਸਕੇ। ਸੋ ਇਸ ਸਮੱਸਿਆ ਦੇ ਹੱਲ ਲਈ ਉਨ੍ਹਾਂ ਬੈਂਕ ਚਲਾਨ ਫਾਰਮਾਂ ਦੀ ਫ਼ੀਸ ਕੈਸ਼ੀਅਰ ਮੁੱਖ ਦਫ਼ਤਰ ਅਤੇ ਖੇਤਰੀ ਦਫ਼ਤਰਾਂ ਵਿੱਚ 01-09-2017 ਤੋਂ 08-09-2017 ਤੱਕ ਭਰੇ ਜਾਣ ਦਾ ਬੋਰਡ ਦਫ਼ਤਰ ਵਲੋਂ ਇਨ੍ਹਾਂ ਵਿਦਿਆਰਥੀਆਂ ਲਈ ਪ੍ਰਬੰਧ ਕੀਤਾ ਹੈ, ਇਹ ਵਿਸ਼ੇਸ਼ ਤੌਰ ਤੇ ਧਿਆਨ ਵਿੱਚ ਰੱਖਿਆ ਜਾਵੇ ਕਿ ਲੇਟ ਫ਼ੀਸ ਨਾਲ ਦਾਖਲਾ ਲੈ ਰਹੇ ਵਿਦਿਆਰਥੀ ਆਪਣੀਆਂ ਫ਼ੀਸਾਂ ਬੈਂਕਾਂ ਰਾਹੀਂ ਹੀ ਅਦਾ ਕਰਨਗੇ।

ਸਕੱਤਰ